# ਸੋਮਵਾਰ 13 ਜਨਵਰੀ 2020 ਤੋਂ ਐਤਵਾਰ 19 ਜਨਵਰੀ 2020 ਤੱਕ

**13.1.20 ਸੋਮਵਾਰ:-** ਲੋਹੜੀ ਅਤੇ ਸੰਗ੍ਰਾਂਦ ਦਾ ਦਿਨ ਹੈ।

**4.00 ਵੱਜੇ: -** ਸਵ: ਜਸਵਿੰਦਰ ਸਿੰਘ ਤੂਰ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ 4.00 ਵੱਜੇ ਹੋਣਗੇ, ਰਹਿਰਾਸ ਦੇ ਪਾਠ ਹੋਣਗੇ ਉਪਰੰਤ ਦੀਬਾਨ ਸੱਜਣਗੇ, ਹਜ਼ੂਰੀ ਜਥਾ ਕੀਰਤਨ ਕਰੇਗਾ ਬਾਅਦ ਵਿੱਚ ਗਿਆਨੀ ਗੁਰਮੀਤ ਸਿੰਘ ਕਥਾ ਕਰਨਗੇ।ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗੀ,

**15.1.20 ਬੁੱਧਵਾਰ: - 4.30 ਵਜ਼ੇ: -** ਸਾਧ ਸੰਗਤ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ , ਰਹਿਰਾਸ ਦੇ ਪਾਠ ਉਪਰੰਤ ਦੀਵਾਨ ਸੱਜਣਗੇ 7.00 ਵੱਜੇ ਤੱਕ ਹਜੂਰੀ ਜਥਾ ਕੀਰਤਨ ਕਰੇਗਾ ਬਾਅਦ ਵਿਚ ਬੱਚੀ ਸਿਮਰਨ ਕੌਰ ਤੇ ਬੱਚੀ ਸੰਦਰੀਨਾ ਕੌਰ ਹਾਜ਼ਰੀ ਭਰਨਗੀਆਂ ਉਪਰੰਤ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ, ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗੀ।

**ਦੇਗਾਂ ਦੀਆਂ ਸੇਵਾਵਾਂ: -** ਸ੍ਰ: ਅਮਰਜੀਤ ਸਿੰਘ , ਸ੍ਰ:ਹਰਜਿੰਦਰ ਸਿੰਘ ਅਤੇ ਬੀਬੀ ਤਰਸੇਮ ਕੌਰ, ਬੀਬੀ ਪਵਨਦੀਪ ਕੌਰ, ਸ ਬਿਕ੍ਰਮਜੀਤ ਸਿੰਘ ਥਾਂਦੀ ਅਤੇ ਬੀਬੀ ਰਣਜੀਤ ਕੌਰ ਅਤੇ ਸ੍ਰ ਸੁਚਾ ਸਿੰਘ ਬੈਂਸ ਪਰਿਵਾਰਾਂ ਵਲੋਂ ਹੋਣਗੀਆਂ।

**16.1.20 ਵੀਰਵਾਰ:- 6.00 ਵੱਜ਼ੇ:-** ਰਹਿਰਾਸ ਸਾਹਿਬ ਦੇ ਪਾਠ ਹੋਣਗੇ ਉਪਰੰਤ ਹਜ਼ੂਰੀ ਜਥਾ ਸ਼ਬਦ ਕੀਰਤਨ ਕਰੇਗਾ ਅਤੇ ਸਾਰੀ ਸੇਵਾ ਹੋਵੇਗੀ।**ਦੇਗ ਦੀ ਸੇਵਾ:-**ਸ ਹਰਬੰਸ ਸਿੰਘ ਖ਼ੈਰਾ ਅਤੇ ਨਾਰਿਦੰਰ ਸਿੰਘ ਖ਼ੈਰਾ ਵੱਲੋਂ ਮਾਤਾ ਦੀ ਯਾਦ ਵਿੱਚ ਦੇਗ ਦੀ ਸੇਵਾ ਹੋਵੇਗੀ।

**17.1.20 ਸ਼ੁਕਰਵਾਰ: - 10.00 ਵਜ਼ੇ: -** ਬੀਬੀ ਬਲਵੀਰ ਕੌਰ ਦੇ ਸਪੁਤ੍ਰ ਸ ਗੁਰਮਿੰਦਰ ਸਿੰਘ ਜੌਹਲ'ਤੇ ਬੀਬੀ ਸੁਖਵਿੰਦਰ ਕੌਰ ਜੌਹਲ ਵੱਲੋਂ ਬੱਚੇ ਪਵਨ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ ਸ੍ਰੀ ਅਖੰਡ ਪਾਠ ਸਾਹਿਬ 10.00 ਵਜ਼ੇ ਅਰੰਭ ਹੋਣਗੇ ਅਤੇ ਤਿੰਨੇ ਦਿਨ ਲੰਗਰ ਆਦਿ ਦੀ ਸਾਰੀ ਸੇਵਾ ਹੋਵੇਗੀ।

**ਦੇਗਾਂ ਦੀਆਂ ਸੇਵਾਵਾਂ: -** ਸ: ਸੁਰਜੀਤ ਸਿੰਘ ਸੇਖੋਂ, ਸ: ਸੁਰਜੀਤ ਸਿੰਘ ਸ਼ੇਰਗਿੱਲ ਤੇ ਬੀਬੀ ਗੁਰਦੀਪ ਕੌਰ ਸ਼ੇਰਗਿੱਲ, ਸ: ਅਵਤਾਰ ਸਿੰਘ ਤੇ ਬੀਬੀ ਕੁਲਵਿੰਦਰ ਕੌਰ ਪੁਰੇਵਾਲ, ਬੀਬੀ ਸੁਰਿੰਦਰ ਕੌਰ ਪੁਰੇਵਾਲ, ਸ: ਕਸ਼ਮੀਰ ਸਿੰਘ ਤੇ ਬੀਬੀ ਸੁਰਿੰਦਰ ਕੌਰ ਨਾਗਰਾ, ਸ: ਸੇਵਾ ਸਿੰਘ ਅੱਟਾ ਤੇ ਬੀਬੀ ਅਵਤਾਰ ਕੌਰ ਅੱਟਾ, ਬੀਬੀ ਅਮਰਜੀਤ ਕੌਰ ਸੰਧੂ ਤੇ ਸ: ਗੁਰਦੇਵ ਸਿੰਘ ਔਲਖ ੀ, ਸ: ਛਿੰਦਾ ਸਿੰਘ ਥਾਂਦੀ, ਸ: ਹਰਬੰਸ ਸਿੰਘ ਨਿੱਝਰ, ਸ: ਇੰਦਰਜੀਤ ਸਿੰਘ ਬੀਬੀ ਪ੍ਰਮਜੀਤ ਕੌਰ ਤੇ ਸਵ: ਸ: ਨਿਰਮਲ ਸਿੰਘ ਪੁਰੇਵਾਲ, ਸ ਬਲਵਿੰਦਰ ਸਿੰਘ ਜੌਹਲ ਤੇ ਬੀਬੀ ਮਲਵਿੰਦਰ ਕੌਰ ਸੇਖੋਂ ਦੇ ਪ੍ਰੀਵਾਰਾਂ ਵਲੋਂ ਹੋਣਗੀਆਂ।

**18.1.20 ਸ਼ਨਿਚਰਵਾਰ: -** ਜਨਮ ਦਿਨ ਭਾਈ ਹਿੰਮਤ ਸਿੰਘ ਜੀ।**11.00 ਵੱਜੇ:-** ਬੀਬੀ ਗੁਰਦੇਵ ਕੌਰ ਪੁਰੇਵਾਲ ਅਤੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ।**2.00 ਵੱਜੇ: -** ਗੁਪਤ ਪਰਿਵਾਰ ਦੇ ਗ੍ਰਹਿ ਵਿੱਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ।**4.00 ਵੱਜੇ: -** ਸ ਨੌਬਤ ਸਿੰਘ ਨਾਰੰਗ ਅਤੇ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਅਤੇ ਸਾਰੀ ਸੇਵਾ ਹੋਵੇਗੀ

**19.1.20 ਐਤਵਾਰ: - 10.00 ਵਜ਼ੇ: -** ਬੀਬੀ ਬਲਵੀਰ ਕੌਰ ਦੇ ਸਪੁਤ੍ਰ ਸ ਗੁਰਮਿੰਦਰ ਸਿੰਘ ਜੌਹਲ ਅਤੇ ਬੀਬੀ ਸੁਖਵਿੰਦਰ ਕੌਰ ਜੌਹਲ ਬੱਚੇ ਪਵਨ ਸਿੰਘ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ ਰਖਾਏ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 10.00 ਵਜ਼ੇ ਪੈਣਗੇ ਅਤੇ ਸਾਰੀ ਸੇਵਾ ਹੋਵੇਗੀ, ਬਾਅਦ'ਚ ਹਜ਼ੂਰੀ ਜਥਾ ਕੀਰਤਨ ਕਰੇਗਾ, ਸ: ਸੇਵਾ ਸਿੰਘ ਅੱਟਾ ਔਡੀਟਰ ਗੁਰਦੁਆਰਾ ਸਾਹਿਬ ਦੀ ਆਮਦਨ ਖਰਚ ਦਾ ਵਰਵਾ ਪੇਸ ਕਰਨਗੇ ਉਪਰੰਤ ਸਤਿਕਾਰਯੋਗ ਹੈਡ ਗ੍ਰੰਥੀ ਗਿਆਨੀ ਗੁਰਮੀਤ ਸਿੰਘ ਜੀ ਕਥਾ ਕਰਨਗੇ ।

**20.1.20 ਸੋਮਵਾਰ:- 10.00 ਵੱਜੇ:-** ਸ ਜਸਵਿੰਦਰ ਸਿੰਘ ਜੀ ਚੀਮਾ ਦੇ ਗ੍ਰਹਿ ਵਿੱਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ।

- 26 ਜਨਵਰੀ **Teacher assessment in Punjabi School**
- 27 ਜਨਵਰੀ ਜਨਮ ਦਿਨ ਬਾਬਾ ਦੀਪ ਸਿੰਘ ਜੀ
- 31 ਜਨਵਰੀ ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਜੀ
- **2 February Punjabi School Assembly in Shaheed Udham Singh Community Hall.**
- 8 ਫਰਵਰੀ ਵੱਡਾ ਘੱਲੂਘਾਰਾ
- 9 ਫਰਵਰੀ 2020 **Parents meeting in Punjabi school and progress reports**
- 11 ਫਰਵਰੀ ਜਨਮ ਦਿਨ ਸਾਹਿਬਜ਼ਾਦਾ ਅਜੀਤ ਸਿੰਘ ਜੀ
- 12 ਫਰਵਰੀ ਸੰਗ੍ਰਾਂਦ ਫੱਗਣ ਦੀ
- 15 ਫਰਵਰੀ ਅਨੰਦ ਕਾਰਜ਼
- 19 ਫਰਵਰੀ ਜਨਮ ਦਿਨ ਭਗਤ ਰਵਿਦਾਸ ਜੀ
- 21 ਸ਼ਹੀਦੀ ਸਾਕਾ ਨਨਕਾਣਾ ਸਾਹਿਬ ਜੀ

# ਭਾਈ ਹਿੰਮਤ ਸਿੰਘ ਦੀ ਜਨਮ ਭੂਮੀ



ਜ਼ਿਲ੍ਹਾ  ਸੰਗਰੂਰ ਦੇ ਪਿੰਡ ਸੰਗਤਪੁਰਾ ਨੂੰ ਪੰਜ ਪਿਆਰਿਆਂ ਵਿੱਚ ਸ਼ਹੀਦ ਹੋਣ ਵਾਲੇ ਤੀਜੇ ਪਿਆਰੇ ਭਾਈ ਹਿੰਮਤ ਸਿੰਘ ਜੀ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਹਿੰਮਤ ਸਿੰਘ ਦਾ ਜਨਮ 356 ਸਾਲ ਪਹਿਲਾਂ ਪਿੰਡ ਸੰਗਤਪੁਰਾ (ਜ਼ਿਲ੍ਹਾ ਸੰਗਰੂਰ) ਵਿੱਚ ਪਿਤਾ ਜੋਤੀ ਰਾਮ (ਝਿਊਰ) ਤੇ ਮਾਤਾ ਰਾਮੋ ਦੇ ਘਰ 5 ਮਾਘ 1718 ਸੰਮਤ ਨੂੰ ਹੋਇਆ।

ਭਾਈ ਹਿੰਮਤ ਸਿੰਘ ਦੇ ਬਚਪਨ ਦਾ ਨਾਮ ਹਿੰਮਤ ਰਾਏ ਸੀ। ਉਨ੍ਹਾਂ ਨੇ ਆਪਣੇ ਬਚਪਨ ਦੇ ਦਿਨ ਪਿੰਡ ਸੰਗਤਪੁਰਾ (ਲਹਿਰਾਗਾਗਾ) ਵਿੱਚ ਗੁਜ਼ਾਰੇ। 1675 ਈਸਵੀ ਵਿੱਚ ਸਿੱਖਾਂ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਉਹ ਇੰਨਾ ਪ੍ਰਭਾਵਿਤ ਹੋਏ ਕਿ ਜ਼ੁਲਮ ਖ਼ਿਲਾਫ਼ ਲੜਨ ਲਈ ਉਹ ਪਿੰਡ ਸੰਗਤਪੁਰਾ ਛੱਡ ਕੇ ਚਲੇ ਗਏ ਅਤੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ।

ਔਰੰਗਜ਼ੇਬ ਦੇ ਜਬਰ ਦਾ ਮੁਕਾਬਲਾ ਕਰਨ ਲਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਿਸਾਖ 1756 ( 30 ਮਾਰਚ 1699) ਨੂੰ ਖ਼ਾਲਸੇ ਦੀ ਸਿਰਜਣਾ ਕਰਨ ਲਈ ਆਨੰਦਪੁਰ ਸਾਹਿਬ ਦੀ ਧਰਤੀ ਉੱਪਰ ਸੰਗਤਾਂ ਦਾ ਇਕੱਠ ਕੀਤਾ ਤਾਂ ਭਾਈ ਹਿੰਮਤ ਰਾਏ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਗੁਰੂ ਜੀ ਨੇ ਸਿੱਖ ਸੰਗਤਾਂ ਤੋਂ ਪੰਜ ਸਿਰਾਂ ਦੀ ਮੰਗ ਕੀਤੀ।

ਗੁਰੂ ਜੀ ਦੀ ਇਹ ਮੰਗ ਸੁਣ ਕੇ ਸਾਰੀ ਸੰਗਤ ਹੱਕੀ ਬੱਕੀ ਰਹੀ ਗਈ। ਕੋਈ ਵੀ ਗੁਰੂ ਜੀ ਨੂੰ ਆਪਣਾ ਸਿਰ ਭੇਂਟ ਕਰਨ ਲਈ ਤਿਆਰ ਨਹੀਂ ਸੀ। ਪਰ ਸੰਗਤਾਂ ਦੇ ਇਕੱਠ ਵਿੱਚੋਂ ਪੰਜ ਸਿੱਖ ਗੁਰੂ ਜੀ ਨੂੰ ਆਪਣਾ ਸਿਰ ਭੇਂਟ ਕਰਨ ਲਈ ਅੱਗੇ ਆਏ। ਭਾਈ ਹਿੰਮਤ ਰਾਏ ਉਨ੍ਹਾਂ ਪੰਜ ਸਿੱਖਾਂ ਵਿੱਚੋਂ ਇੱਕ ਸਨ। ਇਨ੍ਹਾਂ ਪੰਜ ਸਿੱਖਾਂ ਨੂੰ ਗੁਰੂ ਜੀ ਨੇ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਖੰਡੇ ਬਾਟੇ ਦੀ ਪਾਹੁਲ ਪੀ ਕੇ ਭਾਈ ਸਾਹਿਬ ਹਿੰਮਤ ਰਾਏ ਤੋਂ ਹਿੰਮਤ ਸਿੰਘ ਬਣ ਗਏ ਅਤੇ ਪੰਜ ਪਿਆਰਿਆਂ ਦੀ ਫੌਜ ਵਿੱਚ ਸ਼ਾਮਲ ਹੋ ਗਏ। ਗੁਰੂ ਗੋਬਿੰਦ ਸਿੰਘ ਜੀ ਨਾਲ ਜ਼ੁਲਮ ਖ਼ਿਲਾਫ਼ ਲੜਦੇ ਹੋਏ ਭਾਈ ਹਿੰਮਤ ਸਿੰਘ 8 ਪੋਹ, 1761 ਨੂੰ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਏ।

ਭਾਈ ਹਿੰਮਤ ਸਿੰਘ ਦਾ ਜਨਮ ਦਿਵਸ 5 ਮਾਘ ਅਤੇ ਸ਼ਹੀਦੀ ਦਿਵਸ 8 ਪੋਹ ਨੂੰ ਉਨ੍ਹਾਂ ਦੇ ਜੱਦੀ ਪਿੰਡ ਸੰਗਤਪੁਰਾ ਵਿੱਚ ਮਨਾਇਆ ਜਾਂਦਾ ਹੈ। ਪਿੰਡ ਦੇ ਗੁਰਦੁਆਰੇ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾ ਕੇ 7 ਮਾਘ ਅਤੇ 10 ਪੋਹ ਨੂੰ ਭੋਗ ਪਾਏ ਜਾਂਦੇ ਹਨ। ਪੰਥ ਰਤਨ ਮਰਹੂਮ ਗੁਰਚਰਨ ਸਿੰਘ ਟੌਹੜਾ 21 ਜਨਵਰੀ 1980 ਨੂੰ ਜਦੋਂ ਪਿੰਡ ਸੰਗਤਪੁਰਾ ਵਿਖੇ ਭਾਈ ਹਿੰਮਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਸਮਾਗਮ ਵਿੱਚ ਪੁੱਜੇ ਸਨ ਤਾਂ ਉਨ੍ਹਾਂ ਨੇ ਭਾਈ ਹਿੰਮਤ ਸਿੰਘ ਦੀ ਯਾਦ ਵਿੱਚ ਬਣੇ ਗੁਰਦੁਆਰੇ ਲਈ ਦਸ ਹਜ਼ਾਰ ਰੁਪਏ ਦੀ ਗਰਾਂਟ ਜਾਰੀ ਕਰ ਕੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਸੀ ਕਿ ਪਿੰਡ ਵਾਸੀਆਂ ਦੇ ਉਪਰਾਲੇ ਅਤੇ ਸਹਿਯੋਗ ਨਾਲ ਪ੍ਰਕਿਰਿਆ ਪੂਰੀ ਕਰ ਕੇ ਪਿੰਡ ਸੰਗਤਪੁਰਾ ਦਾ ਨਾਮ ਇਤਿਹਾਸਿਕ ਪਿੰਡਾਂ ਦੀ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਜਾਵੇਗਾ।

2004 ਵਿੱਚ ਅਗਲੀ ਫੇਰੀ ਦੌਰਾਨ ਸ੍ਰੀ ਟੌਹੜਾ ਨੇ ਗੁਰਦੁਆਰੇ ਦੀ ਇਮਾਰਤ ਲਈ 11 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਵੀ ਦਿੱਤੀ ਸੀ। ਪਰ ਅਜੇ ਤੱਕ ਇਸ ਪ੍ਰਕਿਰਿਆ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ। ਅਫ਼ਸੋਸ ਹੈ ਕਿ ਪਿੰਡ ਸੰਗਤਪੁਰਾ ਇਤਿਹਾਸਿਕ ਹੋ ਕੇ ਵੀ ਇਤਿਹਾਸਿਕ ਪਿੰਡਾਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਹੈ।

**ਸੰਪਰਕ: 98769-30023**

**ਗੁਰਮੇਲ ਸਿੰਘ ਸੰਗਤਪੁਰਾ**